ਨਿਊਜ਼ ਰਿਲੀਜ਼

# ਕੋਵਿਡ-19 ਦੀਆਂ ਕੁਝ ਮਿਥੀਆਂ ਪਾਬੰਦੀਆਂ ਪੜਾਅ 2 'ਚ ਢਿੱਲੀਆਂ ਹੋਣਗੀਆਂ

1 ਮਾਰਚ 2021

---

ਐਲਬਰਟਾ ਚਾਰ-ਪੜ੍ਹਾਵੀ ਫਰੇਮਵਰਕ ਦੇ ਪੜਾਅ 2 'ਚ ਪਾਬੰਦੀਆਂ 'ਚ ਢਿੱਲ ਦੇਣ ਲਈ ਸਾਵਧਾਨੀ ਨਾਲ ਅੱਗੇ ਵਧੇਗਾ, ਜਦੋਂ ਕਿ ਸੂਬੇ ਭਰ 'ਚ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਤਕੜੇ ਉਪਾਅ ਜਾਰੀ ਰੱਖੇ ਜਾਣਗੇ।

ਹੁਣੇ ਤੋਂ ਲਾਗੂ ਹੁੰਦਿਆਂ, ਇੰਨਡੋਰ ਫਿੱਟਨੈੱਸ ਅਤੇ ਲਾਇਬਰੇਰੀਆਂ ਲਈ ਅੱਪਡੇਟ ਕੀਤੇ ਸਿਹਤ ਉਪਾਅ ਲਾਗੂ ਹਨ, ਜਦੋਂ ਕਿ ਹੈਲਥ ਸਿਸਟਮ ਉਪਰਲਾ ਦਬਾਉ ਘਟ ਰਿਹਾ ਹੈ ਅਤੇ ਹਸਪਤਾਲ ਦਾਖਲੇ 450 ਤੋਂ ਵਾਹਵਾ ਥੱਲੇ ਰਹਿ ਰਹੇ ਹਨ।

ਸਿਹਤ ਅਧਿਕਾਰੀ ਕੋਵਿਡ-19 ਦੇ ਫੈਲਾਅ ਨੂੰ ਨੇੜਿਉਂ ਵਾਚਣਾ ਜਾਰੀ ਰੱਖ ਰਹੇ ਹਨ। ਸਾਵਧਾਨੀ-ਜਨਕ ਉਪਾਅ ਦੇ ਤੌਰ 'ਤੇ ਰਿਟੇਲ, ਬੱਚਿਆਂ ਦੀਆਂ ਖੇਡਾਂ, ਅਤੇ ਹੋਟਲਾਂ, ਪਾਰਟੀਆਂ, ਕਮਿਊਨਿਟੀ ਹਾਲਾਂ ਅਤੇ ਕਾਨਫਰੰਸ ਸੈਂਟਰਾਂ ਲਈ ਮੌਜੂਦਾ ਪਾਬੰਦੀਆਂ ਨੂੰ ਪੜਾਅ 3 ਤੱਕ ਅੱਗੇ ਵਧਾ ਦਿੱਤਾ ਗਿਆ ਹੈ।

"ਅਸੀਂ ਸਾਵਧਾਨੀ-ਜਨਕ ਪਹੁੰਚ ਅਪਣਾ ਰਹੇ ਹਾਂ, ਇਹ ਮੰਨਦਿਆਂ ਹੋਇਆਂ ਕਿ ਬੀਮਾਰੀ ਦੇ ਸਰਗਰਮ ਕੇਸ ਅਤੇ ਹਸਪਤਾਲ ਦਾਖਲੇ ਘਟੇ ਹਨ, ਪਰੰਤੂ ਕੋਵਿਡ-19 ਦਾ ਖਤਰਾ ਅਜੇ ਵੀ ਅਸਲੀਅਤ ਬਣਿਆ ਹੋਇਆ ਹੈ। ਐਲਬਰਟਾ ਨਿਵਾਸੀਆਂ ਵੱਲੋਂ ਬੀਤੇ ਕੁਝ ਹਫਤਿਆਂ ਦੌਰਾਨ ਸਖਤ ਧਿਆਨ ਰੱਖਣ ਦੇ ਕੀਤੇ ਕਾਰਜ ਵਾਸਤੇ ਉਨ੍ਹਾਂ ਦਾ ਧੰਨਵਾਦ, ਅਸੀਂ ਇਹ ਸੁਰੱਖਿਅਤ ਕਦਮ ਅਗਾਂਹ ਵਧਾ ਰਹੇ ਹਾਂ। ਐਲਬਰਟਾ ਨਿਵਾਸੀਆਂ ਨੇ ਫਰਕ ਲਿਆ ਸਕਣ ਦੀ ਆਪਣੀ ਯੋਗਤਾ ਦਾ ਸਬੂਤ ਦਿੱਤਾ ਹੈ, ਇਸ ਲਈ ਆਉ ਆਪਾਂ ਬੀਮਾਰੀ ਦੇ ਕੇਸਾਂ ਨੂੰ ਘਟਾਈ ਜਾਣ ਲਈ ਆਪਣੇ ਯਤਨ ਜਾਰੀ ਰੱਖੀਏ ਤਾਂ ਕਿ ਸਮੇਂ ਦੇ ਨਾਲ ਨਾਲ ਹੋਰ ਪਾਬੰਦੀਆਂ ਨੂੰ ਢਿੱਲਿਆਂ ਕੀਤਾ ਜਾ ਸਕੇ, ਜਿਵੇਂ ਕਿ ਐਲਬਰਟਾ ਸਰਕਾਰ ਔਟਵਾ 'ਤੇ ਵੈਕਸੀਨ ਦੀ ਸਪਲਾਈ ਬਣਾਈ ਰੱਖਣ ਲਈ ਦਬਾਉ ਪਾਉਣਾ ਜਾਰੀ ਰੱਖਦੀ ਹੈ।"

— *Jason Kenney, ਪ੍ਰੀਮੀਅਰ*

"ਮੈਨੂੰ ਖੁਸ਼ੀ ਹੈ ਕਿ ਅਸੀਂ ਇਸ ਪਾਸੇ ਤਰੱਕੀ ਕਰਨਾਂ ਜਾਰੀ ਰੱਖ ਰਹੇ ਹਾਂ, ਜਦੋਂ ਕਿ ਇਹ ਯਕੀਨੀ ਬਣਾਇਆ ਹੋਇਆ ਹੈ ਕਿ ਸਾਡਾ ਹੈਲਥ ਸਿਸਟਮ ਚੱਲਦਾ ਰਹੇ ਅਤੇ ਐਲਬਰਟਾ ਨਿਵਾਸੀਆਂ ਨੂੰ ਜਿਸ ਤਰ੍ਹਾਂ ਦੀ ਸਿਹਤ-ਸੰਭਾਲ ਉਹ ਭਾਲਦੇ ਅਤੇ ਲੋੜਦੇ ਹਨ, ਉਹ ਪ੍ਰਦਾਨ ਹੁੰਦੀ ਰਹੇ। ਅਸੀਂ ਬੀਮਾਰੀ ਦੇ ਹੇਠਾਂ ਵੱਲ ਨੂੰ ਜਾਣ ਦੇ ਰੁਝਾਨ ਨੂੰ ਬਣਾਈ ਰੱਖਣ ਵਾਸਤੇ ਪਾਬੰਦੀਆਂ 'ਚ ਢਿੱਲ ਦੇਣ ਪ੍ਰਤਿ ਇਕ ਸੰਤੁਲਤ ਪ੍ਰਕਾਰ ਦੀ ਲਗਾਤਾਰ ਪਹੁੰਚ ਅਪਣਾ ਰਹੇ ਹਾਂ। ਆਉਣ ਵਾਲੇ ਹਫਤਿਆਂ 'ਚ, ਸਾਨੂੰ ਸਾਰਿਆਂ ਨੂੰ ਜ਼ਰੂਰੀ ਤੌਰ 'ਤੇ ਇਕ ਦੂਜੇ ਨੂੰ ਸੁਰੱਖਿਅਤ ਰੱਖਣ ਅਤੇ ਹਸਪਤਾਲ ਦਾਖਲੇ ਨੂੰ ਹੇਠਾਂ ਵੱਲ ਨੂੰ ਲਿਜਾਣਾ ਜਾਰੀ ਰੱਖਣ ਲਈ ਆਪਣਾ ਆਪਣਾ ਹਿੱਸਾ ਪਾਉਣਾ ਪਵੇਗਾ।"

— *Tyler Shandro, ਮਿਨਿਸਟਰ ਆਫ ਹੈਲਥ*

"ਅਸੀਂ ਇਸ ਮਾਮਲੇ 'ਚ ਤਰੱਕੀ ਕੀਤੀ ਹੈ ਅਤੇ ਇਹ ਕਿਸੇ ਵੀ ਹੋਰ ਸਮੇਂ ਨਾਲੋਂ ਹੁਣ ਜ਼ਿਆਦਾ ਮਹੱਤਵਪੂਰਨ ਹੈ ਕਿ ਅਸੀਂ ਸਿਹਤ ਸਬੰਧੀ ਉਪਾਵਾਂ ਦਾ ਪਾਲਣ ਕਰਨ ਅਤੇ ਬੀਮਾਰੀ ਦੇ ਕੇਸਾਂ ਨੂੰ ਵਧਣੋਂ ਰੋਕਣ ਲਈ ਆਪਣੇ ਸਮੂਹਿਕ ਯਤਨ ਜਾਰੀ ਰੱਖੀਏ। ਸਾਡੇ ਹਰ ਰੋਜ਼ ਦੇ ਯਤਨ ਫਰਕ ਪਾਉਂਦੇ ਹਨ ਅਤੇ

ਸਾਨੂੰ ਜ਼ਰੂਰੀ ਤੌਰ 'ਤੇ ਜਾਗਰੂਕ ਰਹਿਣਾ ਪਵੇਗਾ ਅਤੇ ਮਾਸਕ ਪਾਉਣੇ, ਸਰੀਰਕ ਦੂਰੀ ਬਣਾਈ ਰੱਖਣਾ ਅਤੇ ਜਦੋਂ ਬੀਮਾਰ ਮਹਿਸੂਸ ਕਰੀਏ ਤਾਂ ਘਰ ਰਹਿਣਾ ਜਾਰੀ ਰੱਖਣਾ ਹੋਵੇਗਾ।"

*Dr. Deena Hinshaw, ਚੀਫ ਮੈਡੀਕਲ ਅਫਸਰ ਆਫ ਹੈਲਥ*

ਇਸ ਪੜਾਅ-ਦਰ-ਪੜਾਅ ਪਹੁੰਚ ਦੇ ਸਾਰੇ ਸਮੇਂ ਦੌਰਾਨ ਇੰਨਡੋਰ ਥਾਵਾਂ 'ਤੇ ਮਾਸਕ ਪਾਉਣ ਅਤੇ ਸਰੀਰਕ ਦੂਰੀ ਦੀਆਂ ਜ਼ਰੂਰਤਾਂ ਜਾਰੀ ਰਹਿਣਗੀਆਂ, ਅਤੇ ਹਰੇਕ ਪੜਾਅ 'ਤੇ ਪਾਬੰਦੀਆਂ ਦੀ ਕੁਝ ਮਾਤਰਾ ਸਾਰੀਆਂ ਐਕਟਿਵਿਟੀਆਂ 'ਤੇ ਅਜੇ ਵੀ ਲਾਗੂ ਰਹੇਗੀ।

**ਪੜਾਅ 2: ਹਸਪਤਾਲ ਦਾਖਲਿਆਂ ਦੀ ਨਿਚਲੀ ਸਤਰ- 450 ਅਤੇ ਇਸ ਤੋਂ ਘਟ ਰਹੀ ਹੈ**

**ਲਾਇਬਰੇਰੀਆਂ**

- ਇਹ ਫੈਸਿਲਿਟੀਆਂ ਹੁਣ ਖੁੱਲ੍ਹ ਸਕਦੀਆਂ ਹਨ, ਪਰੰਤੂ ਜ਼ਰੂਰੀ ਤੌਰ 'ਤੇ ਫਾਇਰ ਕੋਡ ਅਨੁਸਾਰ ਅੰਦਰ ਆਉਣ ਵਾਲੇ ਕੁੱਲ ਵਿਅਕਤੀਆਂ ਦੀ ਗਿਣਤੀ ਦਾ 15 ਪ੍ਰਤਿਸ਼ਤ ਹੀ ਅੰਦਰ ਆਉਣ ਦੇਣਾ ਹੋਵੇਗਾ, ਇਸ ਗਿਣਤੀ 'ਚ ਸਟਾਫ ਸ਼ਾਮਲ ਨਹੀਂ ਹੋਵੇਗਾ।

**ਇੰਨਡੋਰ ਫਿੱਟਨੈਸ (ਆਊਟਡੋਰ ਫਿੱਟਨੈੱਸ 'ਚ ਕਈ ਤਬਦੀਲੀ ਨਹੀਂ):**

- ਨਿਗਰਾਨੀ-ਰਹਿਤ ਲੋ-ਇੰਟੈਂਸਿਟੀ ਵਾਲੀਆਂ ਵਿਅਕਤੀਗਤ ਅਤੇ ਗਰੁੱਪ ਐਕਟਿਵਿਟੀਆਂ ਦੀ ਹੁਣ ਕੇਵਲ ਐਪੁਆਇੰਟਮੈਂਟ ਦੁਆਰਾ ਇਜਾਜ਼ਤ ਹੈ।
- ਕੋਚਾਂ ਅਤੇ ਟਰੇਨਰਾਂ ਸਮੇਤ ਲੋ-ਇੰਟੈਂਸਿਟੀ ਵਾਲੀਆਂ ਐਕਟਿਵਿਟੀਆਂ 'ਚ ਸ਼ਾਮਲ ਹੋਣ ਵਾਲੇ ਸਾਰੇ ਜਣਿਆਂ ਲਈ ਤਿੰਨ ਮੀਟਰ ਦੀ ਲਾਜ਼ਮੀ ਸਰੀਰਕ ਦੂਰੀ ਹਰ ਸਮੇਂ ਬਣਾਈ ਰੱਖਣ ਦੀ ਜ਼ਰੂਰਤ ਹੈ, ਅਤੇ ਟਰੇਨਰਾਂ ਅਤੇ ਭਾਗ ਲੈਣ ਵਾਲੇ ਸਾਰਿਆਂ ਵੱਲੋਂ ਹਰ ਸਮੇਂ ਜ਼ਰੂਰੀ ਤੌਰ 'ਤੇ ਮਾਸਕ ਪਹਿਨ ਕੇ ਰੱਖਣਾ ਹੋਵੇਗਾ।
- ਸਾਰੀਆਂ ਇੰਨਡੋਰ ਫਿੱਟਨੈੱਸਾਂ ਪੂਰਵ-ਰਜਿਸਟਰ ਹੋਣੀਆਂ ਚਾਹੀਦਆਂ ਹਨ – ਡਰਾਪ-ਇੰਨ ਦੀ ਇਜਾਜ਼ਤ ਨਹੀਂ।
- ਲੋ-ਇੰਟੈਂਸਿਟੀ ਕਸਰਤਾਂ 'ਚ ਸ਼ਾਮਲ ਹਨ ਭਾਰ ਚੁੱਕਣਾ, ਲੋ-ਇੰਟੈਂਸਿਟੀ ਡਾਂਸ ਕਲਾਸਾਂ, ਯੋਗਾ, ਬਰੇ ਅਤੇ ਇੰਨਡੋਰ ਕਲਾਈਬਿੰਗ, ਅਤੇ ਨਾਲ ਦੀ ਨਾਲ ਟਰੈੱਡਮਿੱਲਾਂ, ਇਲੈਪਟੀਕਲਾਂ ਅਤੇ ਸਬੰਧਤ ਸਾਜ਼-ਸਮਾਨ ਦੀ ਲੋ-ਇੰਟੈਂਸਿਟੀ ਵਰਤੋਂ.
- ਹਾਈ-ਇੰਟੈਂਸਿਟੀ ਐਕਟਿਵਿਟੀਆਂ, ਜਿਨ੍ਹਾਂ 'ਚ ਸ਼ਾਮਲ ਹਨ ਦੌੜਨਾਂ, ਸਪਿੰਨ ਅਤੇ ਹਾਈ-ਇੰਟੈਂਸਿਟੀ ਇੰਟਰਵਲ ਟਰੇਨਿੰਗ, ਦੀ ਕੇਵਲ ਇਕ-ਨਾਲ-ਇਕ ਟਰੇਨਰ ਨਾਲ ਜਾਂ ਇਕ ਪਰਿਵਾਰ ਨਾਲ ਇਕ ਟਰੇਨਰ ਵਾਲੀ ਟਰੇਨਿੰਗ ਲਈ ਇਜਾਜ਼ਤ ਜਾਰੀ ਰਹੇਗੀ।

ਮੌਜੂਦਾ ਪਾਬੰਦੀਆਂ ਬਾਰੇ ਵਧੀਕ ਵਿਸਥਾਰ alberta.ca. 'ਤੇ ਦਿੱਤਾ ਗਿਆ ਹੈ।

ਪੜਾਅ 3 ਲਈ ਫੈਸਲਾ ਕੋਵਿਡ-19 ਦੇ ਫੈਲਾਅ ਨੂੰ ਜਾਂਚਣ ਦੇ ਘੱਟੋ ਘੱਟ ਤਿੰਨ ਹਫਤਿਆਂ ਲਈ ਮੁਲਾਂਕਣ ਤੋਂ ਬਾਦ ਹੀ ਲਿਆ ਜਾਵੇਗਾ। ਕੇਸਾਂ ਅਤੇ ਵਧਾਅ, ਸਮੇਤ ਵੇਰੀਐਂਟ ਕੇਸ, ਨੂੰ ਮੈਟ੍ਰਿਕਸ ਦੇ ਆਧਾਰ 'ਤੇ ਵਾਚਿਆ ਜਾ ਰਿਹਾ ਹੈ ਅਤੇ ਇਸ ਨੂੰ ਅਗਾਂਹ ਦੇ ਕਦਮਾਂ ਨੂੰ ਰੋਕ ਲੈਣ ਜਾਂ ਪਾਬੰਦੀਆਂ ਦੇ ਸੰਭਾਵੀ ਵਾਧੇ ਦੀ ਲੋੜ ਬਾਰੇ ਫੈਸਲੇ ਲੈਣ ਲਈ ਵੀ ਵਰਤਿਆ ਜਾਵੇਗਾ।

ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਆਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।

## ਸਬੰਧਤ ਜਾਣਕਾਰੀ

- Path forward

## ਮਲਟੀਮੀਡੀਆ

- Watch the news conference

## ਮੀਡੀਆ ਇਨਕੁਆਰੀਆਂ

Jerrica Goodwin
587-988-3278
Press Secretary, Office of the Premier

Tom McMillan
780-422-4905
Assistant Director of Communications, Health

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*